- ✔ ਸੁਰੱਖਿਆਤਮਕ ਉਪਕਰਣ ਜੋ ਕਿ ਕਰਮਚਾਰੀਆਂ ਦੇ ਦੁਆਰਾ ਜ਼ਰੂਰ ਪਹਿਨਿਆ ਜਾਂ ਵਰਤਿਆ ਜਾਣਾ ਚਾਹੀਦਾ ਹੈ
- ✔ ਸੰਕਟਕਾਲੀ ਪ੍ਰਕਿਰਿਆਵਾਂ
- ✔ ਮੁਢਲੀ ਡਾਕਟਰੀ ਸਹਾਇਤਾ ਦੇ ਸਟੇਸ਼ਨਾਂ ਦੀ ਸਥਿਤੀ ਅਤੇ ਯੋਗਤਾ ਪ੍ਰਾਪਤ ਮੁਢਲੀ ਸਹਾਇਤਾ ਦੇਣ ਵਾਲਿਆਂ ਦੇ ਨਾਮ

## ਆਪਣੇ ਕਰਮਚਾਰੀਆਂ ਦੀ ਸਮਝਣ ਵਿੱਚ ਮਦਦ ਕਰੋ

ਇਹ ਯਕੀਨੀ ਬਣਾਉਣ ਵਿੱਚ ਮਦਦ ਲਈ ਕਿ ਤੁਹਾਡੇ ਕਰਮਚਾਰੀ ਸਮੱਗਰੀ ਨੂੰ ਸਮਝ ਗਏ ਹਨ, ਪ੍ਰੋਗਰਾਮ ਦੇ ਚਾਰ ਕਦਮਾਂ ਵਿੱਚੋਂ ਹਰੇਕ ਦੇ ਅੰਤ ਤੇ ਕਵਿਜ਼ ਪ੍ਰਸ਼ਨ ਹਨ। ਆਮ੍ਹੋ-ਸਾਹਮਣੇ ਪੜ੍ਹਾਈ ਵਿੱਚ, ਤੁਸੀਂ ਕਰਮਚਾਰੀਆਂ ਨੂੰ ਆਪਣੇ ਉੱਤਰ ਲਿਖਣ ਲਈ ਜਾਂ ਤੁਹਾਨੂੰ ਇਹ ਦੱਸਣ ਲਈ ਕਹਿ ਸਕਦੇ ਹੋ ਕਿ ਉਹਨਾਂ ਦੇ ਵਿਚਾਰ ਵਿੱਚ ਸਹੀ ਜਵਾਬ ਕੀ ਹੈ। ਤੁਹਾਡੇ ਕਰਮਚਾਰੀਆਂ ਦੁਆਰਾ ਦਿੱਤੇ ਗਏ ਜਵਾਬ ਤੇ ਚਰਚਾ ਕਰਕੇ ਉਹਨਾਂ ਦੀ ਸਮਝ ਨੂੰ ਮਜ਼ਬੂਤ ਕਰੋ। ਹਰੇਕ ਕਵਿਜ਼ ਲਈ ਸਹੀ ਜਵਾਬ ਕਰਮਚਾਰੀ ਦੀ ਵਰਕਬੁਕ ਦੇ ਪਿਛਲੇ ਪਾਸੇ ਦਿੱਤੇ ਗਏ ਹਨ। ਈ-ਲਰਨਿੰਗ ਪ੍ਰੋਗਰਾਮ ਵਿੱਚ ਕਵਿਜ਼ ਦੇ ਪ੍ਰਸ਼ਨ ਉਹੀ ਹੋਣਗੇ। ਜਾਣਕਾਰੀ ਨੂੰ ਮਜ਼ਬੂਤ ਕਰਨ ਲਈ ਤੁਸੀਂ ਇਹਨਾਂ ਦੀ ਆਪਣੇ ਕਰਮਚਾਰੀਆਂ ਨਾਲ ਸਮੀਖਿਆ ਕਰ ਸਕਦੇ ਹੋ।

## ਉਸ ਤੋਂ ਬਾਅਦ

ਤੁਹਾਨੂੰ ਉਹ ਰਿਕਾਰਡ ਰੱਖਣੇ ਚਾਹੀਦੇ ਹਨ ਜੋ ਦਿਖਾਉਂਦੇ ਹਨ ਕਿ ਤੁਹਾਡੇ ਸਾਰੇ ਕਰਮਚਾਰੀਆਂ ਨੂੰ ਇਸ ਪ੍ਰੋਗਰਾਮ ਵਿਚਲੀ ਜਾਣਕਾਰੀ ਮਿਲ ਗਈ ਹੈ। ਹਰੇਕ ਕਰਮਚਾਰੀ ਕੋਲ ਭਵਿੱਖ ਲਈ ਹਵਾਲੇ ਦੇ ਰੂਪ ਵਿੱਚ ਰੱਖਣ ਵਾਸਤੇ ਉਸਦੀ ਆਪਣੀ ਵਰਕਬੁਕ (ਜਾਂ ਈ-ਲਰਨਿੰਗ ਪ੍ਰੋਗਰਾਮ ਤੋਂ ਪ੍ਰਿੰਟ ਆਊਟ) ਹੋਣੀ ਚਾਹੀਦੀ ਹੈ।

ਇਹ ਸਿਖਲਾਈ ਪ੍ਰੋਗਰਾਮ ਕੰਮ ਕਰਨ ਦੇ ਸਥਾਨ ਤੇ ਸਿਹਤ ਅਤੇ ਸੁਰੱਖਿਆ ਸਬੰਧੀ ਹੱਕਾਂ ਅਤੇ ਜ਼ੁੰਮੇਵਾਰੀਆਂ ਬਾਰੇ ਆਮ ਜਾਣਕਾਰੀ ਵਧਾਉਂਦਾ ਹੈ ਅਤੇ ਦੱਸਦਾ ਹੈ ਕਿ ਹੋਰ ਜਾਣਕਾਰੀ ਅਤੇ ਮਦਦ ਕਿੱਥੋਂ ਮਿਲੇਗੀ। ਯਕੀਨੀ ਬਣਾਓ ਕਿ ਤੁਸੀਂ ਆਪਣੇ ਕਰਮਚਾਰੀਆਂ ਨੂੰ ਕੰਮ ਕਰਨ ਦੇ ਸਥਾਨ ਬਾਰੇ, ਆਪਣਾ ਕੰਮ ਕਰਦੇ ਸਮੇਂ ਉਹਨਾਂ ਦੇ ਸਾਹਮਣੇ ਆਉਣ ਵਾਲੇ ਖ਼ਤਰਿਆਂ ਬਾਰੇ, ਅਤੇ ਉਹਨਾਂ ਦੀ ਰੱਖਿਆ ਕਰਨ ਲਈ ਸਥਾਪਿਤ ਕੀਤੇ ਗਏ ਸਿਹਤ ਅਤੇ ਸੁਰੱਖਿਆ ਕਾਨੂੰਨਾਂ ਅਤੇ ਕੰਮ ਕਰਨ ਦੇ ਸਥਾਨ ਦੀਆਂ ਪ੍ਰਕਿਰਿਆਵਾਂ ਬਾਰੇ ਜਾਣਕਾਰੀ ਦਿੱਤੀ ਹੈ।

**ਜੇ ਇਸ ਸਿਖਲਾਈ ਪ੍ਰੋਗਰਾਮ ਬਾਰੇ ਤੁਹਾਡੇ ਕੋਈ ਪ੍ਰਸ਼ਨ ਹਨ ਤਾਂ Ministry of Labour 1-877-202-0008 ਤੇ ਸੰਪਰਕ ਕਰੋ ਜਾਂ ontario.ca/healthandsafetyatwork ਵੈਬਸਾਈਟ ਤੇ ਜਾਓ**

ਕੰਮ ਕਰਨ ਦੇ ਸਥਾਨ ਤੇ ਸਿਹਤ ਅਤੇ ਸੁਰੱਖਿਆ ਬਾਰੇ ਆਮ ਜਾਣਕਾਰੀ ਲਈ, ਹੇਠਾਂ ਦਿੱਤੇ ਸਿਹਤ ਅਤੇ ਸੁਰੱਖਿਆ ਸਿਸਟਮ ਦੇ ਭਾਈਵਾਲਾਂ ਵਿੱਚੋਂ ਕਿਸੇ ਇੱਕ ਨਾਲ ਸੰਪਰਕ ਕਰੋ:

**ਕਰਮਚਾਰੀਆਂ ਦੀ ਸਿਹਤ ਅਤੇ ਸੁਰੱਖਿਆ ਦਾ ਕੇਂਦਰ (Workers Health and Safety Centre)– www.whsc.on.ca**

**ਓਨਟੈਰੀਓ ਦੇ ਕਰਮਚਾਰੀਆਂ ਲਈ ਵਿਵਸਾਇਕ ਸਿਹਤ ਕਲੀਨਿਕ (Occupational Health Clinics for Ontario Workers)– www.ohcow.on.ca**

**ਸਿਹਤ ਅਤੇ ਸੁਰੱਖਿਆ ਓਨਟੈਰੀਓ (Health and Safety Ontario)– www.healthandsafetyontario.ca**

ਇਹਨਾਂ ਦੇ ਸਮੇਤ

- ਜਨਤਕ ਸੇਵਾਵਾਂ ਸਿਹਤ ਅਤੇ ਸੁਰੱਖਿਆ ਐਸੋਸਿਏਸ਼ਨ (Public Services Health and Safety Association) (ਸਿਹਤ, ਸਿੱਖਿਆ, ਮਿਉਨਿਸਿਪਲ ਖੇਤਰ)
- ਕੰਮ ਕਰਨ ਦੇ ਸਥਾਨ ਤੇ ਸੁਰੱਖਿਆ ਅਤੇ ਰੋਕਥਾਮ ਸੇਵਾਵਾਂ (Workplace Safety and Prevention Services) (ਫਾਰਮ, ਉਦਯੋਗ, ਸੇਵਾਵਾਂ ਦਾ ਖੇਤਰ)
- ਬੁਨਿਆਦੀ ਢਾਂਚਾ ਸਿਹਤ ਅਤੇ ਸੁਰੱਖਿਆ ਐਸੋਸਿਏਸ਼ਨ (Infrastructure Health and Safety Association) (ਬਿਜਲੀ, ਟ੍ਰਾਂਸਪੋਰਟੇਸ਼ਨ, ਉਸਾਰੀ ਖੇਤਰ)
- ਕੰਮ ਕਰਨ ਦੇ ਸਥਾਨ ਤੇ ਸੁਰੱਖਿਆ ਉੱਤਰ (Workplace Safety North) (ਗੁੱਦਾ ਅਤੇ ਕਾਗਜ਼, ਖਾਣ, ਜੰਗਲਾਤ ਖੇਤਰ)

© Queen's Printer of Ontario
Ministry of Labour
ISBN 978-1-4606-1637-6 (Print)
ISBN 978-1-4606-1651-2 (PDF)
December 2012
Punjabi

Ministry of Labour

ਰੁਜ਼ਗਾਰਦਾਤਾ ਦੀ ਗਾਈਡ

# ਕੰਮ ਕਰਨ ਦੇ ਸਥਾਨ ਤੇ ਸਿਹਤ ਅਤੇ ਸੁਰੱਖਿਆ

## ਰੋਕਥਾਮ ਇੱਥੋਂ ਸ਼ੁਰੂ ਹੁੰਦੀ ਹੈ

4 ਕਦਮਾਂ ਵਿੱਚ ਕਰਮਚਾਰੀ ਦੀ ਸਿਹਤ ਅਤੇ ਸੁਰੱਖਿਆ ਸਬੰਧੀ ਜਾਗਰੂਕਤਾ ਬਾਰੇ ਰੁਜ਼ਗਾਰਦਾਤਾ ਲਈ ਗਾਈਡ

Ontario

# ਕੰਮ ਕਰਨ ਦੇ ਸਥਾਨ ਤੇ ਸਿਹਤ ਅਤੇ ਸੁਰੱਖਿਆ –

## ਰੋਕਥਾਮ ਇੱਥੋਂ ਸ਼ੁਰੂ ਹੁੰਦੀ ਹੈ

4 ਕਦਮਾਂ ਵਿੱਚ ਕਰਮਚਾਰੀ ਦੀ ਸਿਹਤ ਅਤੇ ਸੁਰੱਖਿਆ ਸਬੰਧੀ ਜਾਗਰੂਕਤਾ ਦਾ ਮਕਸਦ ਕਰਮਚਾਰੀਆਂ ਨੂੰ ਵਿਵਸਾਇਕ ਸਿਹਤ ਅਤੇ ਸੁਰੱਖਿਆ ਕਾਨੂੰਨ (Occupational Health and Safety Act - OHSA) ਬਾਰੇ ਜਾਣਕਾਰੀ ਦੇਣਾ ਹੈ। ਇਹ ਸਿਖਲਾਈ ਪ੍ਰੋਗਰਾਮ ਸਿਹਤ ਅਤੇ ਸੁਰੱਖਿਆ ਸਬੰਧੀ ਹੱਕਾਂ ਅਤੇ ਕਰਮਚਾਰੀਆਂ, ਸੁਪਰਵਾਇਜ਼ਰਾਂ ਅਤੇ ਰੁਜ਼ਗਾਰਦਾਤਾਵਾਂ ਦੀਆਂ ਜ਼ੁੰਮੇਵਾਰੀਆਂ ਤੇ ਕੇਂਦ੍ਰਿਤ ਹੈ ਅਤੇ ਕੰਮ ਦੇ ਸਥਾਨ ਤੇ ਸਿਹਤ ਅਤੇ ਸੁਰੱਖਿਆ ਬਾਰੇ ਆਮ ਜਾਣਕਾਰੀ ਦਿੰਦਾ ਹੈ।

ਜੇ ਤੁਸੀਂ ਆਪਣੇ ਕਰਮਚਾਰੀਆਂ ਨੂੰ ਪਹਿਲਾਂ ਹੀ ਸਿਹਤ ਅਤੇ ਸੁਰੱਖਿਆ ਬਾਰੇ ਸਿਖਲਾਈ ਜਾਂ ਜਾਣਕਾਰੀ ਦਿੰਦੇ ਹੋ, ਤਾਂ ਹੋ ਸਕਦਾ ਹੈ ਕਿ ਤੁਹਾਨੂੰ ਇਹ ਦੇਣ ਦੀ ਲੋੜ ਨਾ ਹੋਵੇ।

ਇਹ ਸਿਖਲਾਈ ਪ੍ਰੋਗਰਾਮ ਹੱਕਾਂ ਅਤੇ ਜ਼ੁੰਮੇਵਾਰੀਆਂ ਬਾਰੇ ਆਮ ਜਾਣਕਾਰੀ ਹੈ ਅਤੇ, ਕਿਸੇ ਵੀ ਤਰੀਕੇ ਨਾਲ, ਕੰਮ ਕਰਨ ਦੇ ਸਥਾਨ ਤੇ ਸਿਹਤ ਅਤੇ ਸੁਰੱਖਿਆ ਸਬੰਧੀ ਖਾਸ ਸਿਖਲਾਈ ਦੀ ਜਗ੍ਹਾ ਨਹੀਂ ਲੈਂਦਾ ਹੈ।

## ਸਿੱਖਿਆ ਦੇ ਉਦੇਸ਼

**ਇਸ ਸਿਹਤ ਅਤੇ ਸੁਰੱਖਿਆ ਜਾਣਕਾਰੀ ਪ੍ਰੋਗਰਾਮ ਦੀ ਸਮਾਪਤੀ ਤੇ, ਕਰਮਚਾਰੀ ਹੇਠਾਂ ਲਿਖੇ ਦੇ ਸਮਰੱਥ ਹੋਣੇ ਚਾਹੀਦੇ ਹਨ:**

**ਕਦਮ 1: ਨਾਲ ਜੁੜਨਾ**

1. ਕਰਮਚਾਰੀਆਂ ਦੀਆਂ ਭੂਮਿਕਾਵਾਂ ਅਤੇ ਜ਼ੁੰਮੇਵਾਰੀਆਂ ਦਾ ਵਰਣਨ ਕਰ ਕੇ ਅਤੇ ਸੁਪਰਵਾਇਜ਼ਰਾਂ ਅਤੇ ਰੁਜ਼ਗਾਰਦਾਤਾਵਾਂ ਦੀਆਂ ਭੂਮਿਕਾਵਾਂ ਅਤੇ ਜ਼ੁੰਮੇਵਾਰੀਆਂ ਦੇ ਨਾਲ ਇਹਨਾਂ ਦਾ ਸਬੰਧ ਸਮਝਾ ਕੇ ਵਰਣਨ ਕਰਨਾ ਕਿ ਉਹ ਕੰਮ ਕਰਨ ਦੇ ਸਥਾਨ ਤੇ ਸਿਹਤ ਅਤੇ ਸੁਰੱਖਿਆ ਲਈ ਮਹੱਤਵਪੂਰਨ ਕਿਉਂ ਹਨ ਅਤੇ ਅੰਦਰੂਨੀ ਜ਼ੁੰਮੇਵਾਰੀ ਪ੍ਰਣਾਲੀ ਵਿੱਚ ਉਹਨਾਂ ਦਾ ਕੀ ਸਥਾਨ ਹੈ।

**ਕਦਮ 2: ਜਾਣਕਾਰੀ ਪ੍ਰਾਪਤ ਕਰਨਾ – ਜਾਣਕਾਰੀ ਲੈਣ ਦਾ ਹੱਕ**

2. ਵਿਆਖਿਆ ਕਰਨੀ ਕਿ ਉਹਨਾਂ ਨੂੰ ਕੰਮ ਕਰਨ ਦੇ ਸਥਾਨ ਤੇ ਖ਼ਤਰਿਆਂ ਬਾਰੇ ਜਾਣਕਾਰੀ ਲੈਣ ਦਾ ਹੱਕ ਹੈ ਅਤੇ ਸਭ ਤੋਂ ਆਮ ਖ਼ਤਰਿਆਂ, WHMIS ਅਤੇ ਵਿਵਸਾਇਕ ਬਿਮਾਰੀਆਂ, ਦੀਆਂ ਉਦਾਹਰਨਾਂ ਦੇ ਕੇ ਸੁਰੱਖਿਅਤ ਤਰੀਕੇ ਨਾਲ ਕੰਮ ਕਰਨ ਦੇ ਤਰੀਕੇ ਦੱਸਣੇ।
3. ਆਪਣੇ ਸੁਪਰਵਾਇਜ਼ਰ ਜਾਂ ਰੁਜ਼ਗਾਰਦਾਤਾ ਨਾਲ ਗੱਲ ਕਰ ਕੇ ਅਤੇ ਕੰਮ ਕਰਨ ਦੇ ਸਥਾਨ ਤੇ ਸਿਹਤ ਅਤੇ ਸੁਰੱਖਿਆ ਨੀਤੀ ਅਤੇ ਪ੍ਰਕਿਰਿਆਵਾਂ ਬਾਰੇ ਸੂਚਨਾ ਪ੍ਰਾਪਤ ਕਰ ਕੇ ਸੁਰੱਖਿਅਤ ਤਰੀਕੇ ਨਾਲ ਕੰਮ ਕਰਨ ਬਾਰੇ ਜਾਣਕਾਰੀ ਲੈਣੀ।

**ਕਦਮ 3: ਸ਼ਾਮਲ ਹੋਣਾ – ਹਿੱਸਾ ਲੈਣ ਦਾ ਹੱਕ**

4. ਉਹਨਾਂ ਤਰੀਕਿਆਂ ਦੀਆਂ ਉਦਾਹਰਨਾਂ ਦੇਣੀਆਂ ਜਿਨ੍ਹਾਂ ਨਾਲ ਉਹ ਆਪਣੇ ਕੰਮ ਕਰਨ ਦੇ ਸਥਾਨ ਤੇ ਸਿਹਤ ਅਤੇ ਸੁਰੱਖਿਆ ਵਿੱਚ ਹਿੱਸਾ ਲੈ ਸਕਦੇ ਹਨ, ਜਿਵੇਂ ਕਿ ਆਪਣੇ ਸਾਥੀ-ਕਰਮਚਾਰੀਆਂ ਲਈ ਆਦਰਸ਼ ਮਾਡਲ ਬਣਨਾ, ਸਿਹਤ ਅਤੇ ਸੁਰੱਖਿਆ ਪ੍ਰਤਿਨਿਧੀ ਜਾਂ ਸੰਯੁਕਤ ਸਿਹਤ ਅਤੇ ਸੁਰੱਖਿਆ ਕਮੇਟੀ ਦਾ ਮੈਂਬਰ ਬਣਨਾ, ਅਤੇ ਸਿਖਲਾਈ ਵਿੱਚ ਭਾਗ ਲੈਣਾ।
5. ਉਹਨਾਂ ਦੇ ਕੰਮ ਕਰਨ ਦੇ ਸਥਾਨ ਤੇ ਪੋਸਟ ਕੀਤੀ ਗਈ ਜਾਣਕਾਰੀ ਨੂੰ ਦੇਖ ਕੇ ਅਤੇ ਆਪਣੇ ਸੁਪਰਵਾਇਜ਼ਰ ਜਾਂ ਰੁਜ਼ਗਾਰਦਾਤਾ ਨੂੰ ਪੁੱਛ ਕੇ ਪਤਾ ਕਰਨਾ ਕਿ ਉਹਨਾਂ ਦਾ ਸਿਹਤ ਅਤੇ ਸੁਰੱਖਿਆ ਪ੍ਰਤਿਨਿਧੀ ਜਾਂ ਸੰਯੁਕਤ ਸਿਹਤ ਅਤੇ ਸੁਰੱਖਿਆ ਕਮੇਟੀ ਦੇ ਮੈਂਬਰ ਕੌਣ ਹਨ।
6. ਸਾਥੀ-ਕਰਮਚਾਰੀਆਂ ਨਾਲ ਕੰਮ ਦੇ ਸਥਾਨ ਤੇ ਕੰਮ ਕਰਨ ਦੇ ਸੁਰੱਖਿਅਤ ਤਰੀਕਿਆਂ ਬਾਰੇ ਗੱਲ ਕਰਨੀ।

**ਕਦਮ 4: ਵਧੇਰੇ ਮਦਦ ਪ੍ਰਾਪਤ ਕਰਨਾ –ਅਸੁਰੱਖਿਅਤ ਕੰਮ ਨੂੰ ਕਰਨ ਤੋਂ ਇਨਕਾਰ ਕਰਨ ਦਾ ਹੱਕ ਅਤੇ ਮਦਦ ਲਈ ਕਿੱਥੇ ਜਾਣਾ ਹੈ**

7. ਵਿਆਖਿਆ ਕਰਨਾ ਕਿ ਜਦੋਂ ਉਹਨਾਂ ਨੂੰ ਸਿਹਤ ਅਤੇ ਸੁਰੱਖਿਆ ਬਾਰੇ ਮਦਦ ਦੀ ਲੋੜ ਹੋਵੇ ਤਾਂ ਉਹ ਆਪਣੇ ਸੁਪਰਵਾਇਜ਼ਰ ਜਾਂ ਰੁਜ਼ਗਾਰਦਾਤਾ, ਸਿਹਤ ਅਤੇ ਸੁਰੱਖਿਆ ਪ੍ਰਤਿਨਿਧੀ ਜਾਂ ਸੰਯੁਕਤ ਸਿਹਤ ਅਤੇ ਸੁਰੱਖਿਆ ਕਮੇਟੀ ਦੇ ਮੈਂਬਰ ਨੂੰ ਪੁੱਛ ਸਕਦੇ ਹਨ ਜਾਂ ਮਿਲ ਸਕਦੇ ਹਨ।
8. ਸਮਝਣਾ ਕਿ ਜੇ ਉਹ ਸਮਝਦੇ ਹਨ ਕਿ ਉਹਨਾਂ ਦੀ ਸਿਹਤ ਅਤੇ ਸੁਰੱਖਿਆ ਨੂੰ ਖ਼ਤਰਾ ਹੈ ਤਾਂ ਉਹ ਕੰਮ ਕਰਨ ਤੋਂ ਮਨ੍ਹਾਂ ਕਰ ਸਕਦੇ ਹਨ।
9. ਵਿਆਖਿਆ ਕਰਨੀ ਕਿ ਆਪਣੇ ਸਿਹਤ ਅਤੇ ਸੁਰੱਖਿਆ ਹੱਕਾਂ ਨੂੰ ਵਰਤਣ ਤੇ, ਜਾਂ ਆਪਣੇ ਰੁਜ਼ਗਾਰਦਾਤਾ ਜਾਂ ਸੁਪਰਵਾਇਜ਼ਰ ਉਹ ਕਰਨ ਲਈ ਕਹਿਣ ਤੇ, ਜੋ OHSA ਮੁਤਾਬਕ ਉਹਨਾਂ ਲਈ ਕਰਨਾ ਜ਼ਰੂਰੀ ਹੈ, ਉਹਨਾਂ ਦੇ ਰੁਜ਼ਗਾਰਦਾਤਾ ਉਹਨਾਂ ਨੂੰ ਧਮਕੀ ਨਹੀਂ ਦੇ ਸਕਦੇ, ਨੌਕਰੀ ਤੋਂ ਕੱਢ ਨਹੀਂ ਸਕਦੇ ਜਾਂ ਬਰਖ਼ਾਸਤ ਨਹੀਂ ਕਰ ਸਕਦੇ।
10. ਦੂਜੇ ਸਥਾਨਾਂ ਦਾ ਨਾਮ ਦੱਸਣਾ ਜਿੱਥੇ ਉਹ ਹੋਰ ਜਾਣਕਾਰੀ ਲੈਣ ਜਾਂ ਕੰਮ ਕਰਨ ਦੇ ਸਥਾਨ ਤੇ ਸਿਹਤ ਅਤੇ ਸੁਰੱਖਿਆ ਬਾਰੇ ਮਦਦ ਲੈਣ ਲਈ ਜਾ ਸਕਦੇ ਹਨ, ਜਿਨ੍ਹਾਂ ਵਿੱਚ ਸਿਹਤ ਅਤੇ ਸੁਰੱਖਿਆ ਐਸੋਸਿਏਸ਼ਨਾਂ, ਮਿਨਿਸਟਰੀ ਆਫ਼ ਲੇਬਰ ਅਤੇ ਵਰਕਪਲੇਸ ਸੇਫ਼ਟੀ ਐਂਡ ਇਨਸ਼ੋਰੈਂਸ ਬੋਰਡ ਸ਼ਾਮਲ ਹਨ।

## ਸਿਖਲਾਈ ਪ੍ਰੋਗਰਾਮ ਕਿਵੇਂ ਚਲਾਉਣਾ ਹੈ

**4 ਕਦਮਾਂ ਵਿੱਚ ਕਰਮਚਾਰੀ ਦੀ ਸਿਹਤ ਅਤੇ ਸੁਰੱਖਿਆ ਸਬੰਧੀ** ਜਾਗਰੂਕਤਾ ਪ੍ਰੋਗਰਾਮ ਨੂੰ ਨਵੇਂ ਕਰਮਚਾਰੀਆਂ ਦੁਆਰਾ ਕੰਮ ਸ਼ੁਰੂ ਕਰਨ ਦੇ ਪਹਿਲੇ ਕੁਝ ਦਿਨਾਂ ਅੰਦਰ, ਕੰਮ ਦੇ ਸਥਾਨ ਤੇ ਖ਼ਤਰਿਆਂ ਦਾ ਸਾਹਮਣਾ ਕੀਤੇ ਜਾਣ ਤੋਂ ਪਹਿਲਾਂ, ਪੂਰਾ ਕੀਤਾ ਜਾਣਾ ਚਾਹੀਦਾ ਹੈ।

ਇਹ ਸਿਖਲਾਈ ਪ੍ਰੋਗਰਾਮ ਵੱਖ-ਵੱਖ ਤਰੀਕਿਆਂ ਨਾਲ ਦਿੱਤਾ ਜਾ ਸਕਦਾ ਹੈ:

- ਇੱਕ ਕਰਮਚਾਰੀ ਨਾਲ ਆਮ੍ਹੋ-ਸਾਹਮਣੇ ਜਾਂ ਵਰਕਬੁਕ ਦੀ ਵਰਤੋਂ ਕਰਦੇ ਹੋਏ ਕਰਮਚਾਰੀਆਂ ਦੇ ਸਮੂਹ ਨਾਲ
- ਈ-ਲਰਨਿੰਗ ਪ੍ਰੋਗਰਾਮ ਰਾਹੀਂ ਇਲੈਕਟ੍ਰੋਨਿਕ ਤਰੀਕੇ ਨਾਲ (ਜਦੋਂ ਉਪਲਬਧ ਹੋਵੇ)

ਈ-ਲਰਨਿੰਗ ਅਤੇ ਆਮ੍ਹੋ-ਸਾਹਮਣੇ, ਦੋਵੇਂ ਤਰੀਕਿਆਂ ਵਿੱਚ, ਪੂਰਕਾਂ ਵਜੋਂ ਸੁਪਰਵਾਇਜ਼ਰਾਂ ਜਾਂ ਰੁਜ਼ਗਾਰਦਾਤਾਵਾਂ ਨਾਲ ਵਿਚਾਰ-ਵਟਾਂਦਰੇ, ਕਵਿਜ਼ ਪ੍ਰਸ਼ਨਾਂ ਦੀਆਂ ਸਮੀਖਿਆਵਾਂ, ਅਤੇ ਕੰਮ ਕਰਨ ਦੇ ਸਥਾਨ ਤੇ ਸੁਰੱਖਿਆ ਬਾਰੇ ਭਾਸ਼ਣ ਸ਼ਾਮਲ ਕੀਤੇ ਜਾ ਸਕਦੇ ਹਨ।

ਸਿਖਲਾਈ ਪ੍ਰੋਗਰਾਮ ਦੀ ਸਮੱਗਰੀ ਬਿਨਾਂ ਕਿਸੇ ਮੁੱਲ ਦੇ ਮਿਨਿਸਟਰੀ ਆਫ ਲੇਬਰ ਤੋਂ ਮਿਲ ਸਕਦੀ ਹੈ। ਇਹ ਕੁਝ ਕਦਮ ਹਨ ਜਿਨ੍ਹਾਂ ਤੇ ਤੁਹਾਨੂੰ ਜਾਂ ਇਹ ਸਿਖਲਾਈ ਪ੍ਰੋਗਰਾਮ ਮੁਹੱਈਆ ਕਰਨ ਵਾਲੇ ਵਿਅਕਤੀ ਨੂੰ ਵਿਚਾਰ ਕਰਨਾ ਚਾਹੀਦਾ ਹੈ:

## ਇਸ ਤੋਂ ਪਹਿਲਾਂ ਕਿ ਤੁਸੀਂ ਸ਼ੁਰੂ ਕਰੋ

- ਆਮ੍ਹੋ-ਸਾਹਮਣੇ ਪੜ੍ਹਾਈ ਲਈ, ਵਰਕਬੁਕ ਪੜ੍ਹੋ ਅਤੇ ਗਤੀਵਿਧੀਆਂ ਦੀ ਯੋਜਨਾ ਬਣਾਓ। ਮਿਨਿਸਟਰੀ ਦੀ ਵੈਬਸਾਈਟ ਤੇ ਵਾਧੂ ਜਾਣਕਾਰੀ ਉਪਲਬਧ ਹੈ ਜਿਸ ਨੂੰ ਤੁਸੀਂ ਇਹ ਸਿਖਲਾਈ ਦੇਣ ਵਾਸਤੇ ਵਰਤ ਸਕਦੇ ਹੋ (ਪਤਾ ਇਸ ਗਾਈਡ ਦੇ ਅੰਤ ਤੇ ਦਿੱਤਾ ਗਿਆ ਹੈ)
- ਉੱਪਰ ਦਿੱਤੇ ਸਿਖਲਾਈ ਦੇ ਉਦੇਸ਼ਾਂ ਦੀ ਸਮੀਖਿਆ ਕਰੋ।
- ਈ-ਲਰਨਿੰਗ ਵਾਸਤੇ, ਸਿਖਲਾਈ ਪ੍ਰੋਗਰਾਮ ਬਾਰੇ ਜਾਣੋ ਅਤੇ ਆਪਣੇ ਕਰਮਚਾਰੀਆਂ ਦੀ ਸਹਾਇਤਾ ਕਰਨ ਲਈ ਤਿਆਰ ਰਹੋ।
- ਪ੍ਰਸ਼ਨਾਂ ਦਾ ਜਵਾਬ ਦੇਣ ਲਈ ਤਿਆਰ ਰਹੋ ਅਤੇ ਪ੍ਰਸ਼ਨਾਂ ਨੂੰ ਉਤਸ਼ਾਹਿਤ ਕਰੋ। ਇਹ ਯਕੀਨੀ ਬਣਾਉਣ ਤੇ ਧਿਆਨ ਕੇਂਦ੍ਰਿਤ ਕਰੋ ਕਿ ਤੁਹਾਡੇ ਕਰਮਚਾਰੀ ਨੌਕਰੀ ਤੇ ਪਹਿਲੇ ਦਿਨ ਤੋਂ ਹੀ ਸਿਹਤ ਅਤੇ ਸੁਰੱਖਿਆ ਬਾਰੇ ਚਿੰਤਾਵਾਂ ਦੱਸਣ ਵਿੱਚ ਅਰਾਮਦੇਹ ਮਹਿਸੂਸ ਕਰਨ।
- ਕਰਮਚਾਰੀਆਂ ਦੀ ਕਿਸੇ ਵੀ ਅਸਮਰਥਤਾ, ਭਾਸ਼ਾ ਜਾਂ ਅੱਖਰ ਗਿਆਨ ਸਬੰਧੀ ਮੁੱਦੇ ਦਾ ਧਿਆਨ ਰੱਖੋ ਅਤੇ ਅਤੇ ਉਹਨਾਂ ਵਾਸਤੇ ਅਨੁਕੂਲ ਤਬਦੀਲੀਆਂ ਕਰੋ। ਉਦਾਹਰਨ ਵਾਸਤੇ, ਹੋ ਸਕਦਾ ਹੈ ਤੁਸੀਂ ਸਮੱਗਰੀ ਦਾ ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ ਕਰਵਾਉਣਾ ਚਾਹੋ ਜਾਂ ਆਪਣੀ ਸਹਾਇਤਾ ਲਈ ਕੋਈ ਅਨੁਵਾਦਕ ਰੱਖਣਾ ਚਾਹੋ। ਕੁਝ ਕਰਮਚਾਰੀਆਂ ਨੂੰ ਸਮੱਗਰੀ ਉੱਚੀ ਆਵਾਜ਼ ਵਿੱਚ ਪੜ੍ਹ ਕੇ ਸੁਣਾਏ ਜਾਣ ਜਾਂ ਦੁਹਰਾਏ ਜਾਣ ਜਾਂ ਵੱਖਰੇ ਸ਼ਬਦਾਂ ਵਿੱਚ ਦੱਸੇ ਜਾਣ ਦੀ ਲੋੜ ਹੋ ਸਕਦੀ ਹੈ।
- ਯਕੀਨੀ ਬਣਾਓ ਕਿ ਤੁਹਾਡੇ ਕੋਲ ਹੇਠਾਂ ਦਿੱਤੇ ਵਿਸ਼ਿਆਂ ਤੇ ਜਾਣਕਾਰੀ ਉਪਲਬਧ ਹੈ, ਕਿਉਂਕਿ ਜਦੋਂ ਤੁਸੀਂ ਜਾਗਰੂਕਤਾ ਬਾਰੇ ਚਰਚਾ ਕਰ ਰਹੇ ਹੋਵੋਗੇ ਤਾਂ ਕਰਮਚਾਰੀਆਂ ਨੂੰ ਉਹਨਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ:

- ✔ ਸਿਹਤ ਅਤੇ ਸੁਰੱਖਿਆ ਨੀਤੀ ਦੀ ਕਾਪੀ (ਜੇ 6 ਜਾਂ ਵੱਧ ਕਰਮਚਾਰੀ ਹੋਣ)
- ✔ ਆਕਿਉਪੇਸ਼ਨਲ ਹੈਲਥ ਐਂਡ ਸੇਫ਼ਟੀ ਐਕਟ ਦੀ ਕਾਪੀ
- ✔ ਇਸ ਪੋਸਟਰ ਦੀ ਕਾਪੀ: *ਕੰਮ ਕਰਨ ਦੇ ਸਥਾਨ ਤੇ ਸਿਹਤ ਅਤੇ ਸੁਰੱਖਿਆ > ਰੋਕਥਾਮ ਇੱਥੋਂ ਸ਼ੁਰੂ ਹੁੰਦੀ ਹੈ*
- ✔ ਜੇ ਤੁਹਾਡੇ ਕੋਲ 6 ਅਤੇ 19 ਦੇ ਵਿਚਕਾਰ ਕਰਮਚਾਰੀ ਹਨ ਤਾਂ ਸਿਹਤ ਅਤੇ ਸੁਰੱਖਿਆ ਪ੍ਰਤਿਨਿਧੀ ਦਾ ਨਾਮ
- ✔ ਜੇ ਤੁਹਾਡੇ ਕੋਲ 20 ਜਾਂ ਵੱਧ ਕਰਮਚਾਰੀ ਹਨ ਤਾਂ ਸਿਹਤ ਅਤੇ ਸੁਰੱਖਿਆ ਕਮੇਟੀ ਦੇ ਮੈਂਬਰਾਂ ਦੇ ਨਾਮ
- ✔ ਤੁਹਾਡੇ ਕੰਮ ਕਰਨ ਦੇ ਸਥਾਨ ਤੇ ਖ਼ਤਰੇ
- ✔ ਤੁਹਾਨੂੰ ਸਿਹਤ ਅਤੇ ਸੁਰੱਖਿਆ ਸਬੰਧੀ ਚਿੰਤਾਵਾਂ ਬਾਰੇ ਦੱਸਦੇ ਸਮੇਂ ਕਰਮ-ਚਾਰੀਆਂ ਦੁਆਰਾ ਵਰਤੇ ਜਾਣ ਲਈ ਪ੍ਰਕਿਰਿਆਵਾਂ
- ✔ ਕੰਮ ਦੇ ਸਥਾਨ ਤੇ ਹਿੰਸਾ ਅਤੇ ਕੰਮ ਕਰਨ ਦੇ ਸਥਾਨ ਤੇ ਪਰੇਸ਼ਾਨ ਕੀਤੇ ਜਾਣ ਸਬੰਧੀ ਨੀਤੀਆਂ
- ✔ WHMIS ਸਿਖਲਾਈ ਅਤੇ ਸਮੱਗਰੀ ਬਾਰੇ ਸੁਰੱਖਿਆ ਡਾਟਾ ਸ਼ੀਟਾਂ